# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

## ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਸੇਵਾ ਵਿਖੇ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ।
3. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ
4. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
5. ਰਾਜ ਦੇ ਸਮੂਹ ਸੈਂਟਰ ਹੈਡ ਟੀਚਰ
   (ਵੈਬ ਸਾਈਟ ਦੇ ਰਾਹੀ)

**ਮੀਮੋ ਨੰ:ਏਐਸਪੀਡੀ/ਟੀ.ਟੀ./2010/24013-24053**
**ਮਿਤੀ, ਚੰਡੀਗੜ੍ਹ: 05. 02.10**

**ਵਿਸ਼ਾ:** **ਸਾਲ 2009-10 ਲਈ ਸਰਵ ਸਿੱਖਿਆ ਅਭਿਆਨ ਅਧੀਨ ਸਕੂਲ ਗਰਾਂਟ, ਰਿਪੇਅਰ ਅਤੇ ਮੇਨਟੇਨੈਂਸ ਗਰਾਂਟ ਅਤੇ ਟੀਚਰ ਗਰਾਂਟ ਦੀ ਵਰਤੋਂ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਦੇ ਪੱਤਰ ਨੰ: 13/12-2009/SSA/MIS/ 42616-42635 ਮਿਤੀ 25.05.09 ਦੀ ਲਗਾਤਾਰਤਾ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲ ਗਰਾਂਟ, ਰਿਪੇਅਰ ਅਤੇ ਮੇਨਟੇਨੈਂਸ ਗਰਾਂਟ ਅਤੇ ਟੀਚਰ (ਟੀ.ਐਲ.ਐਮ.) ਗਰਾਂਟ ਹਰ ਸਾਲ ਹਰ ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲ ਨੂੰ ਦਿੱਤੀ ਜਾਂਦੀ ਰਹੀ ਹੈ। ਇਹ ਗਰਾਂਟਾਂ ਰੈਕਰਿੰਗ ਨੇਚਰ ਦੀਆਂ ਹਨ।

2.0 ਮੌਜੂਦਾ ਸਾਲ ਭਾਵ 2009-10 ਦੌਰਾਨ ਇਹ ਗਰਾਂਟਾਂ ਪ੍ਰਾਈਵੇਟ ਏਡਿਡ ਸਕੂਲਾਂ ਲਈ ਵੀ ਦਿੱਤੀਆਂ ਗਈਆਂ ਹਨ।

3.0 ਵੱਖ-ਵੱਖ ਜ਼ਿਲ੍ਹਿਆਂ ਲਈ ਸਰਵ ਸਿੱਖਿਆ ਅਭਿਆਨ ਅਧੀਨ ਸਾਲ 2009-10 ਲਈ ਪ੍ਰਵਾਨ ਕੀਤੀ ਗਈ ਸਕੂਲ ਗਰਾਂਟ, ਰਿਪੇਅਰ ਐਂਡ ਮੇਨਟੇਨੈਂਸ ਗਰਾਂਟ ਅਤੇ ਟੀ.ਐਲ.ਐਮ. ਗਰਾਂਟ ਅਨੁਲੱਗ-ਅ ਅਨੁਸਾਰ ਆਪ ਸਭ ਨੂੰ ਭੇਜੀ ਜਾ ਚੁੱਕੀ ਹੈ।

4.0 ਆਪ ਚੰਗੀ ਤਰ੍ਹਾਂ ਜਾਣਦੇ ਹੋ ਕਿ ਇਹ ਗਰਾਂਟਾਂ ਸਕੂਲ ਪੱਧਰ ਤੇ ਪੇਂਡੂ ਸਿੱਖਿਆ ਵਿਕਾਸ ਕਮੇਟੀ/ ਅਧਿਆਪਕਾਂ ਵੱਲੋਂ ਚਾਲੂ ਵਿੱਤੀ ਸਾਲ ਦੌਰਾਨ ਹੀ ਖਰਚ ਕਰਨੀਆਂ ਹੁੰਦੀਆਂ ਹਨ।

5.0 ਪਰੰਤੂ ਪਿਛਲੇ ਸਾਲਾਂ ਦੀਆਂ ਪ੍ਰਗਤੀ ਰਿਪੋਰਟਾਂ ਅਤੇ ਵਰਤੋਂ ਸਰਟੀਫਿਕੇਟਾਂ ਨੂੰ ਵਾਚਣ ਤੋਂ ਪਤਾ ਲੱਗ ਰਿਹਾ ਹੈ ਕਿ ਇਹ ਗਰਾਂਟਾਂ ਬਹੁਤੇਰੇ ਸਕੂਲਾਂ ਵਿਚ ਅਣਵਰਤੀਆਂ ਹੀ ਪਈਆਂ ਰਹਿ ਜਾਂਦੀਆਂ ਹਨ।

6.0 ਇਹ ਵੀ ਵਾਰ-ਵਾਰ ਧਿਆਨ ਵਿਚ ਆਇਆ ਹੈ ਕਿ ਸਕੂਲ ਪੱਧਰ ਤੱਕ ਇਨ੍ਹਾਂ ਗਰਾਂਟਾਂ ਦੇ ਵਰਤੋਂ ਬਾਰੇ ਅਧਿਆਪਕਾਂ ਨੂੰ ਜਾਂ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਨੂੰ ਪੂਰੀ ਤਰ੍ਹਾਂ ਜਾਣਕਾਰੀ ਨਹੀਂ ਹੈ। ਜਿਸ ਕਰਕੇ ਇਨ੍ਹਾਂ ਗਰਾਂਟਾਂ ਦੀ ਪੂਰੀ ਵਰਤੋਂ ਨਹੀਂ ਹੁੰਦੀ।

7.0 ਸਕੂਲਾਂ ਨੂੰ ਕੁੱਝ ਅਜਿਹੀਆਂ ਬੇਸਿਕ ਆਈਟਮਾਂ ਦੀ ਲੋੜ ਹੁੰਦੀ ਹੈ ਜਿਨ੍ਹਾਂ ਦੀ ਉਪਲਬੱਧੀ ਨਾ ਹੋਣ ਵਜੋਂ ਪੜ੍ਹਾਈ ਦੀ ਕਾਰਗੁਜ਼ਾਰੀ ਠੀਕ ਢੰਗ ਨਾਲ ਨਹੀਂ ਹੋ ਪਾਉਂਦੀ ਅਤੇ ਇਸ ਦਾ ਅਸਰ ਬੱਚਿਆਂ ਦੀ ਮਾੜੀ ਪ੍ਰੋਫਾਰਮੈਂਸ ਦੇ ਰੂਪ ਵਿਚ ਵਿਭਾਗ ਦੇ ਸਾਹਮਣੇ ਆਉਂਦਾ ਹੈ।

8.0 ਗਰਾਂਟਾਂ ਦੀ ਵਰਤੋਂ ਲਈ ਹੇਠ ਅਨੁਸਾਰ ਗਾਈਡ-ਲਾਈਨਜ਼ ਦਿੰਦਿਆਂ ਹੋਇਆਂ ਆਪ ਸਭ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਗਰਾਂਟਾਂ ਦੀ ਉਚਿਤ ਵਰਤੋਂ ਕਰਕੇ ਸਕੂਲ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾਵੇ।

(ੳ) <u>ਸਕੂਲ ਗਰਾਂਟ</u> : ਇਸ ਦੀ ਵਰਤੋਂ ਬਲੈਕਬੋਰਡ, ਚਾੱਕ, ਡਸਟਰ, ਮੇਜ-ਕੁਰਸੀ ਟਾਟ-ਪੱਟੀ, ਬਿਜਲੀ ਦਾ ਸਮਾਨ ਭਾਵ ਬਲਬ, ਪੱਖੇ, ਬਿਜਲੀ ਦੀਆਂ ਤਾਰਾਂ, ਸਵਿੱਚ; ਅਖ਼ਬਾਰਾਂ, ਰਸਾਲੇ, ਲਾਇਬ੍ਰੇਰੀ ਦੀਆਂ ਕਿਤਾਬਾਂ, ਡਿਸਪਲੇਅ ਬੋਰਡ, ਸੋਸ਼ਲ ਆੱਡਿਟ ਬੋਰਡ, ਸਾਇੰਸ ਅਤੇ ਮੈਥ ਲੈਬ ਲਈ ਸਾਜੋ-ਸਮਾਨ, ਟੁਆਇਲੈਟਸ ਲਈ ਸਫਾਈ ਦਾ ਸਮਾਨ ਜਿਵੇਂ ਕਿ ਡਿਟਰਜੈਂਟ, ਫਿਨਾਇਲ, ਝਾੜੂ, ਟੁਆਇਲੈਟ ਬ੍ਰਸ਼, ਮੱਗ ਅਤੇ ਹੱਥ ਧੋਣ ਲਈ ਸਾਬਣ ਆਦਿ ਮੁਹੱਈਆ ਕਰਨ ਲਈ ਕੀਤੀ ਜਾ ਸਕਦੀ ਹੈ। ਇਸ ਦੇ ਨਾਲ-ਨਾਲ ਸਕੂਲ ਵਿਚ ਟੁਆਇਲੈਟਸ ਅਤੇ ਸਕੂਲ ਬਿਲਡਿੰਗ ਦੀ ਸਫਾਈ ਲਈ ਪਾਰਟ ਟਾਈਮ ਸਫਾਈ ਕਰਮਚਾਰੀ ਰੱਖਣ ਲਈ ਵੀ ਇਸ ਗਰਾਂਟ ਦੀ ਵਰਤੋਂ ਕੀਤੀ ਜਾ ਸਕਦੀ ਹੈ।

(ਅ) <u>ਰਿਪੇਅਰ ਐਂਡ ਮੇਨਟੇਨੈਂਸ ਗਰਾਂਟ</u> : ਇਸ ਗਰਾਂਟ ਦੀ ਵਰਤੋਂ ਸਕੂਲ ਵਿਚ ਕਿਸੇ ਵੀ ਕਿਸਮ ਦੀ ਰਿਪੇਅਰ ਜਾਂ ਰੱਖ-ਰਖਾਵ ਲਈ ਜਿਵੇਂ ਕਿ ਬਿਜਲੀ ਦੀ ਰਿਪੇਅਰ, ਫਰਨੀਚਰ ਦੀ ਰਿਪੇਅਰ, ਸਕੂਲ ਬਿਲਡਿੰਗ ਦੀ ਮਾਈਨਰ ਰਿਪੇਅਰ ਅਤੇ ਸਕੂਲਾਂ ਦੀ ਸਮੁੱਚੀ ਮੇਨਟੇਨੈਂਸ ਵਿਸ਼ੇਸ਼ ਤੌਰ ਤੇ ਬਲੈਕਬੋਰਡ, ਖਿੜਕੀਆਂ, ਦਰਵਾਜ਼ੇ, ਟੁਆਇਲੈਟਸ ਅਤੇ ਪੀਣ ਦੇ ਪਾਣੀ ਦੀ ਸੁਵਿਧਾ ਦੀ ਮੇਨਟੇਨੈਂਸ ਅਤੇ ਸਕੂਲ ਰੈਂਪਸ ਆਦਿ ਲਈ ਕੀਤੀ ਜਾ ਸਕਦੀ ਹੈ।

(ੲ) <u>ਟੀ.ਐਲ.ਐਮ. ਗਰਾਂਟ</u> : ਇਸ ਗਰਾਂਟ ਦੀ ਵਰਤੋਂ ਅਧਿਆਪਕਾਂ ਦੁਆਰਾ ਟੀਚਿੰਗ ਲਰਨਿੰਗ ਏਡਜ਼ ਬਣਾਉਣ ਲਈ ਕਰਨੀ ਹੁੰਦੀ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਹਰ ਅਧਿਆਪਕ ਆਪਣੇ ਵਿਸ਼ੇ ਨੂੰ ਅਸਰਦਾਰ ਤਰੀਕੇ ਵਿਚ ਪੜ੍ਹਾਉਣ ਲਈ ਯੋਗ ਟੀ.ਐਲ.ਐਮ ਬਣਾਵੇ ਅਤੇ ਉਸ ਦਾ ਪੂਰਾ ਇਸਤੇਮਾਲ ਕਰੇ। ਇਹ ਵੀ ਧਿਆਨ ਰੱਖਿਆ ਜਾਵੇ ਕਿ ਵੱਖ-ਵੱਖ ਅਧਿਆਪਕਾਂ ਵੱਲੋਂ ਬਣਾਇਆ ਗਿਆ ਟੀ.ਐਲ.ਐਮ. ਇਕ ਦੂਜੇ ਨਾਲ

ਮੇਲ ਨਾ ਖਾਂਦਾ ਹੋਵੇ। ਜਿਥੋਂ ਤੱਕ ਸੰਭਵ ਹੋ ਸਕੇ ਸਕੂਲ ਦਾ ਹਰ ਅਧਿਆਪਕ ਦੂਜਿਆਂ ਨਾਲੋਂ ਕੁੱਝ ਵੱਖਰਾ ਅਤੇ ਨਵਾਂ ਟੀ.ਐਲ.ਐਮ ਤਿਆਰ ਕਰੇ।

ਸਾਰਾ ਟੀ.ਐਲ.ਐਮ. ਅਲਮਾਰੀਆਂ ਵਿਚ ਤਾਲੇ ਹੇਠ ਬੰਦ ਨਾ ਕਰਕੇ, ਸਕੂਲ ਵਿਚ ਇੱਕ ਸਾਂਝੀ ਜਗ੍ਹਾ ਤੇ ਰੱਖਿਆ ਜਾਵੇ ਤਾਂ ਜੋ ਸਮੂਹ ਅਧਿਆਪਕ ਆਪਣੀ-ਆਪਣੀ ਜਮਾਤ ਵਿਚ ਲੋੜ ਅਨੁਸਾਰ ਇਨ੍ਹਾਂ ਆਈਟਮਾਂ ਦੀ ਵਰਤੋਂ ਕਰ ਸਕਣ।

9.0 ਸਕੂਲ ਅਤੇ ਬੱਚਿਆਂ ਦੀਆਂ ਲੋੜਾਂ ਨੂੰ ਪ੍ਰਾਥਮਿਕਤਾ ਦਿੰਦਿਆਂ ਹੋਇਆਂ ਸਕੂਲ ਪੱਧਰ ਦੀ ਹਰ ਗਰਾਂਟ ਪਸਵਕ ਵੱਲੋਂ ਮਤਾ ਪਾ ਕੇ ਖਰਚ ਕੀਤੀ ਜਾਵੇਗੀ ਅਤੇ ਗਰਾਂਟ ਨੂੰ ਵੱਧ ਤੋਂ ਵੱਧ ਇਕਨਾੱਮੀਕਲ ਤਰੀਕੇ ਨਾਲ ਖਰਚਿਆ ਜਾਵੇ। ਅਕਾਂਉਂਟਸ (Accounts) ਅਤੇ ਐਸੇਟ ਰਜਿਸਟਰ (Asset Register) ਨਿਯਮਾਂ ਅਨੁਸਾਰ ਮੇਨਟੇਨ ਕੀਤੇ ਜਾਣਗੇ।

10.0 ਉਪਰੋਕਤ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

| S.No | District | School Grant @ Rs. 5000/- for Primary Schools | | School Grant @ Rs. 7000/- for Upper Primary Schools | | Maintenance grant @ Rs. 7500/- per school | | TLM Grant @ Rs. 500/- per Teacher | |
|---|---|---|---|---|---|---|---|---|---|
| | | **Phy** | **Fin.** | **Phy** | **Fin.** | **Phy** | **Fin.** | **Phy** | **Fin.** |
| 1 | Amritsar | 889 | 44.45 | 386 | 27.02 | 1210 | **90.75** | 5326 | 26.63 |
| 2 | Barnala | 190 | 9.5 | 118 | 8.26 | 304 | **22.80** | 1221 | 6.105 |
| 3 | Bathinda | 390 | 19.5 | 261 | 18.27 | 638 | **47.85** | 3656 | 18.28 |
| 4 | Faridkot | 256 | 12.8 | 162 | 11.34 | 410 | **30.75** | 2310 | 11.55 |
| 5 | Fatehgarh Sahib | 460 | 23 | 199 | 13.93 | 652 | **48.90** | 2054 | 10.27 |
| 6 | Ferozepur | 1158 | 57.9 | 394 | 27.58 | 1528 | **114.60** | 5394 | 26.97 |
| 7 | Gurdaspur | 1559 | 77.95 | 516 | 36.12 | 2026 | **151.95** | 6610 | 33.05 |
| 8 | Hoshiarpur | 1288 | 64.4 | 468 | 32.76 | 1714 | **128.55** | 6637 | 33.185 |
| 9 | Jalandhar | 1000 | 50 | 479 | 33.53 | 1415 | **106.13** | 5743 | 28.715 |
| 10 | Kapurthala | 561 | 28.05 | 249 | 17.43 | 792 | **59.40** | 2902 | 14.51 |
| 11 | Ludhiana | 1032 | 51.6 | 578 | 40.46 | 1538 | **115.35** | 6784 | 33.92 |
| 12 | Mansa | 294 | 14.7 | 178 | 12.46 | 468 | **35.10** | 2348 | 11.74 |
| 13 | Moga | 382 | 19.1 | 242 | 16.94 | 611 | **45.83** | 3092 | 15.46 |
| 14 | Mohali | 421 | 21.05 | 156 | 10.92 | 563 | **42.23** | 2153 | 10.765 |
| 15 | Mukatsar | 339 | 16.95 | 204 | 14.28 | 538 | **40.35** | 2685 | 13.425 |
| 16 | Nawanshahar | 448 | 22.4 | 215 | 15.05 | 647 | **48.53** | 2243 | 11.215 |
| 17 | Patiala | 1022 | 51.1 | 371 | 25.97 | 1366 | **102.45** | 5587 | 27.935 |
| 18 | Ropar | 585 | 29.25 | 195 | 13.65 | 760 | **57.00** | 2664 | 13.32 |
| 19 | Sangrur | 675 | 33.75 | 368 | 25.76 | 1023 | **76.73** | 4185 | 20.925 |
| 20 | Taran Taran | 541 | 27.05 | 237 | 16.59 | 766 | **57.45** | 2586 | 12.93 |
| **Total** | | **13490** | **674.50** | **5976.00** | **418.320** | **18969** | **1422.68** | **76180** | **380.90** |